Dic. Draft

3379
19 MAY 2015

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ - 1 ਸ਼ਾਖਾ)

## ਦਫਤਰੀ ਹੁਕਮ

ਸਰਕਾਰ ਦੇ ਦਫਤਰੀ ਹੁਕਮ ਨੰ: 02/04/2015-1ਸਿੰਪ੍ਰੋ(1)/476397/1-4, ਮਿਤੀ 04.05.2015 ਰਾਹੀਂ ਪੰਜਾਬ ਦੇ ਦੱਖਣੀ-ਪੱਛਮੀ ਸੇਮ ਗ੍ਰਹਿਸਤ ਇਲਾਕੇ ਵਿੱਚ ਚੱਲ ਰਹੇ ਕੰਮਾਂ ਦੀ ਨਿਗਰਾਨਤਾ ਲਈ ਮੁੱਖ ਇੰਜੀਨੀਅਰ/ਜਲ ਨਿਕਾਸ ਦਾ ਕੈਂਪ ਦਫਤਰ ਹਰ ਹਫਤੇ ਸ਼ਨੀਵਾਰ ਤੋਂ ਬੁੱਧਵਾਰ ਤੱਕ ਗਿਦੜਬਾਹਾ ਵਿਖੇ ਤਬਦੀਲ ਕੀਤਾ ਗਿਆ ਸੀ, ਪਰੰਤੂ ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਗਿਦੜਬਾਹਾ ਨਹਿਰੀ ਕਲੋਨੀ ਵਿੱਚ ਕੋਈ ਸਰਕਾਰੀ ਦਫਤਰ ਅਤੇ ਰਿਹਾਇਸ਼ ਉਪਲੱਬਧ ਨਹੀਂ ਹੈ। ਇਸ ਲਈ ਪ੍ਰਬੰਧਕੀ ਕਾਰਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਮਿਤੀ 30.06.2015 ਤੱਕ ਗਿਦੜਬਾਹਾ ਨਹਿਰੀ ਵਿਸ਼ਰਾਮ ਘਰ ਦੇ ਕਮਰਾ ਨੰ: 1 ਨੂੰ ਰਿਹਾਇਸ਼ ਅਤੇ ਕਮਰਾ ਨੰ: 3 ਨੂੰ ਕੈਂਪ ਦਫਤਰ ਬਣਾਉਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਤਾਂ ਜੋ ਚੱਲ ਰਹੇ ਕੰਮਾਂ ਦੀ ਨਿਗਰਾਨੀ ਸੁਚੱਜੇ ਢੰਗ ਨਾਲ ਕੀਤੀ ਜਾ ਸਕੇ।

2. ਇਹ ਹੁਕਮ ਮਾਨਯੋਗ ਸਕੱਤਰ, ਸਿੰਚਾਈ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

3. ਇਹ ਹੁਕਮ ਤੁਰੰਤ ਲਾਗੂ ਹੋਣਗੇ।

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ

ਮਿਤੀ, ਚੰਡੀਗੜ੍ਹ:
18 ਮਈ, 2015

ਨੰ: 02/04/2015-1ਸਿੰਪ੍ਰੋ(1)/ 488137/4 ਮਿਤੀ, ਚੰਡੀਗੜ੍ਹ: 19/5/15

ਇਸ ਦਾ ਇੱਕ ਉਤਾਰਾ ਹੇਠ ਲਿੱਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
2) ਮੁੱਖ ਇੰਜੀਨੀਅਰ/ਜਲ ਨਿਕਾਸ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਉਹਨਾਂ ਦੇ ਨੋਟ ਨੰ: ਯੂ.ਓ.1691/5ਡੀ, ਮਿਤੀ 18.05.2015 ਦੇ ਹਵਾਲੇ ਵਿੱਚ।
3) ਸਮੂਹ ਮੁੱਖ ਇੰਜੀਨੀਅਰ/ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
4) ਇੰਚਾਰਜ, ਕੰਪਿਊਟਰ ਸੈੱਲ, ਮੁੱਖ ਦਫਤਰ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।

ਸੁਪਰਡੰਟ

ਅੰਦਰੂਨੀ ਵੰਡ:

- ਨਿੱ:ਸ:/ਮਾਨਯੋਗ ਸਕੱਤਰ, ਸਿੰਚਾਈ ਜੀ।
- ਸ.ਸ.ਸ./ਅਧੀਨ ਸਕੱਤਰ ਸਿੰਚਾਈ (ਜ)
- ਸ.ਸ.ਸ./ਅਧੀਨ ਸਕੱਤਰ, ਸਿੰਚਾਈ (ਹ)